## **ਪ੍ਰੈਸ ਨੋਟ ਮਿਤੀ 23.06.2019**

ਸ੍ਰੀ ਸਤਿੰਦਰ ਸਿੰਘ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਵੱਲੋਂ ਅਪਰਾਧੀਆਂ ਅਤੇ ਗੈਂਗਸਟਰਾਂ ਦੇ ਖਿਲਾਫ ਵਿੱਢੀ ਹੋਈ ਮੁਹਿੰਮ ਤਹਿਤ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ੍ਰੀ ਮਨਪ੍ਰੀਤ ਸਿੰਘ ਢਿੱਲੋਂ, ਪੁਲਿਸ ਕਪਤਾਨ ਫਭੀ ਕਪੂਰਥਲਾ ਅਤੇ ਇੰਸਪੈਕਟਰ ਬਲਵਿੰਦਰਪਾਲ ਇੰਚਾਰਜ ਸੀ.ਆਈ.ਏ ਸਟਾਫ ਕਪੂਰਥਲਾ, ਇੰਸਪੈਕਟਰ ਹਰਮੀਕ ਸਿੰਘ ਸੀ.ਆਈ.ਏ ਸਟਾਫ ਕਪੂਰਥਲਾ ਅਤੇ ਅਸ਼ੀ ਪਰਮਜੀਤ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਫਗਵਾੜਾ ਦੀ ਨਿਗਰਾਨੀ ਹੇਠ ਸਮੇਤ ਪੁਲਿਸ ਪਾਰਟੀ ਤੇ ਇੰਸਪੈਕਟਰ ਰਾਜਦੀਪ ਸਿੰਘ ਮੁੱਖ ਅਫਸਰ ਥਾਣਾ ਸੈਕਟਰ 31 ਚੰਡੀਗੜ ਸਮੇਤ ਪੁਲਿਸ ਪਾਰਟੀ ਦੇ ਕਸਬਾ ਹੱਲੋਮਜਾਰਾ ਚੰਡੀਗੜ ਕਿਰਾਏ ਦੇ ਕਮਰੇ ਵਿੱਚ ਰਹਿ ਰਹੇ ਗੈਂਗਸਟਰ ਗੁਰਭੇਜ ਸਿੰਘ ਉਰਫ ਹਰਭੇਜ ਸਿੰਘ ਉਰਫ ਭੇਜਾ ਪੁੱਤਰ ਸਵਿੰਦਰ ਸਿੰਘ ਵਾਸੀ ਪੱਤੀ ਬੈਨੀਵਾਲ ਸੁਲਤਾਨਵਿੰਡ ਅੰਮ੍ਰਿਤਸਰ ਅਤੇ ਉਸਦੇ ਸਾਥੀਆਂ ਵਿਨੋਦ ਕੁਮਾਰ ਉਰਫ ਰੰਗੀਲਾ ਪੁੱਤਰ ਜਸਬੀਰ ਸਿੰਘ ਵਾਸੀ ਰਾਮਤੀਰਥ ਰੋਡ ਪੁਤਲੀਘਰ ਥਾਣਾ ਕੰਟੋਨਮੈਂਟ ਅੰਮ੍ਰਿਤਸਰ, ਵਿਸ਼ਾਲ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਵਾਰਡ 06 ਪੰਡੋਰਾ ਸੁਲਤਾਨਵਿੰਡ ਅੰਮ੍ਰਿਤਸਰ ਅਤੇ ਮਨਪ੍ਰੀਤ ਕੋਰ ਉਰਫ ਡੌਲੀ ਪੁੱਤਰੀ ਹੀਰਾ ਸਿੰਘ ਵਾਸੀ ਸੁਲਤਾਨਵਿੰਡ ਅੰਮ੍ਰਿਤਸਰ ਨੂੰ ਮੁਕੱਦਮਾ ਨੰਬਰ 103 ਮਿਤੀ 07-05-19 ਜੇਰੇ ਧਾਰਾ 307/353/186/224/225/34, 379-ਬੀ ਭ: ਦ: ਵਾਧਾ ਜੁਰਮ 120-ਬੀ ਭ:ਦ 25/27-54-59 A. Act ਥਾਣਾ ਸਿਟੀ ਕਪੂਰਥਲਾ ਅਤੇ ਇਹਨਾਂ ਸਾਰਿਆਂ ਨੂੰ ਹੱਲੋਮਾਜਰਾ ਸੈਕਟਰ 31 ਚੰਡੀਗੜ ਤੋਂ ਗ੍ਰਿਫਤਾਰ ਕੀਤਾ ਗਿਆ।ਹੁਣ ਤੱਕ ਗੁਰਭੇਜ ਸਿੰਘ ਉਰਫ ਹਰਭੇਜ ਸਿੰਘ ਉਰਫ ਭੇਜਾ ਪਾਸੋਂ ਇੱਕ ਪਿਸਟਲ 7.65 MM ਸਮੇਤ 06 ਜਿੰਦਾ ਰੌਂਦ 7.65 MM ਬਰਾਮਦ ਕੀਤੇ ਗਏ ਹਨ। ਜੋ ਗੁਰਭੇਜ ਸਿੰਘ ਉਰਫ ਹਰਭੇਜ ਸਿੰਘ ਉਰਫ ਭੇਜਾ ਉਕਤ ਪਾਸੋਂ ਕੀਤੀ ਗਈ ਪੁੱਛਗਿੱਛ ਤੇ ਉਸ ਨੇ ਦੱਸਿਆ ਹੈ ਕਿ ਉਸਨੇ ਜੇਲ ਅੰਦਰੋਂ ਭੱਜਣ ਬਾਰੇ ਆਪਣੇ ਸਾਲੇ ਸਰਵਨ ਸਿੰਘ ਉਰਫ ਸੰਨੀ ਅਤੇ ਵਿਨੋਦ ਕੁਮਾਰ ਉਰਫ ਰੰਗੀਲਾ ਨਾਲ ਗੱਲ ਕੀਤੀ ਸੀ ਕਿ ਮੈਂ ਮੈਡੀਕਲ ਵਾਸਤੇ ਗਾਰਦ ਲਗਵਾ ਕੇ ਆਵਾਂਗਾ ਤੁਸੀਂ ਮੈਨੂੰ ਹਸਪਤਾਲ ਤੋਂ ਛੁਡਵਾ ਲੈਣਾ।ਚੈਕਅੱਪ ਦੌਰਾਨ ਭੱਜਣ ਤੋਂ ਪਹਿਲਾਂ ਕਰੀਬ 15 ਦਿਨ ਪਹਿਲਾਂ ਵੀ ਮੈਂ ਆਪਣੇ ਚੈਕਅੱਪ ਲਈ ਸਿਵਲ ਹਸਪਤਾਲ ਕਪੂਰਥਲਾ ਆਇਆ ਸੀ ਪਰ ਉਸ ਸਮੇਂ ਜਿਹੜੀ ਪੁਲਿਸ ਗਾਰਦ ਸੀ ਉਹ ਪੁਲਿਸ ਲਾਈਨ ਵਿੱਚੋਂ ਲੱਗੀ ਸੀ ਤੇ ਉਹਨਾਂ ਪਾਸ ਅਸਲਾ ਵਗੈਰਾ ਸੀ ਜਿਸ ਕਰਕੇ ਮੇਰਾ ਭੱਜਣ ਦਾ ਮਨਸੂਬਾ ਪੂਰਾ ਨਹੀਂ ਹੋ ਸਕਿਆ। ਫਿਰ ਦੂਜੀ ਵਾਰ ਮੈਨੂੰ ਸਿਵਲ ਹਸਪਤਾਲ ਕਪੂਰਥਲਾ ਤੋਂ ਚੈਕ ਅੱਪ ਦੌਰਾਨ ਸਰਵਨ ਸਿੰਘ ਉਰਫ ਸੰਨੀ, ਅਕਾਸ਼ਦੀਪ, ਯਾਦਵਿੰਦਰ ਸਿੰਘ ਉਰਫ ਯਾਦੀ ਮਾਹਲ, ਮਨਪ੍ਰੀਤ ਸਿੰਘ ਉਰਫ ਰੋਹਿਤ ਅਤੇ ਭਰਤ ਚੌਹਾਨ ਉਰਫ ਮਿੱਠੂ ਛੁਡਵਾਉਣ ਲਈ ਆਏ ਸੀ। ਜੋ ਅਕਾਸ਼ਦੀਪ ਮੇਰੇ ਪਾਸ ਆਇਆ ਤਾਂ ਮੈਂ ਉਸ ਨੂੰ ਕਿਹਾ ਕਿ ਅੱਜ ਗਾਰਦ ਪਾਸ ਅਸਲਾ ਨਹੀਂ ਤੁਸੀਂ ਮੈਨੂੰ ਛੁਡਵਾ ਕੇ ਲੈ ਜਾਉ।ਜਿਸ ਤੇ ਮਿੱਠੂ ਅਤੇ ਸੰਨੀ ਨੇ ਵਿਉਂਤ ਮੁਤਾਬਿਕ ਆਪਣੇ ਨਜਾਇਜ ਅਸਲੇ ਨਾਲ ਫਾਇਰ ਕਰਨੇ ਸ਼ੁਰੂ ਕਰ ਦਿੱਤੇ ਜਿਸ ਨਾਲ ਹਸਪਤਾਲ ਵਿੱਚ ਹਫੜਾ ਦਫੜੀ ਮਚ ਗਈ ਤੇ ਮੈਂ ਪੁਲਿਸ ਪਾਰਟੀ ਕੋਲੋਂ ਛੁੱਟ ਕੇ ਸਪਲੈਂਡਰ ਮੋਟਰਸਾਈਕਲ ਤੇ ਬੈਠਾ ਸੀ ਜਿਸ ਨੂੰ ਅਕਾਸ਼ ਚਲਾ ਰਿਹਾ ਸੀ ਜੋ ਅਕਾਸ਼ ਕੋਲੋਂ ਮੋਟਰਸਾਈਕਲ ਡਿੱਗ ਗਿਆ ਤੇ ਮੈਂ ਉਸ ਤੋਂ ਉੱਤਰ ਕੇ ਦੂਸਰੇ ਮੋਟਰਸਾਈਜਲ ਬੁਲਟ ਤੇ ਜਿਸ ਨੂੰ ਯਾਦਵਿੰਦਰ ਸਿੰਘ ਉਰਫ ਯਾਦੀ ਮਾਹਲ ਚਲਾ ਰਿਹਾ ਜਿਸ ਦੇ ਪਿੱਛੇ ਮੈਂ ਬੈਠ ਗਿਆ ਸੀ ਤੇ ਇੱਥੋਂ ਫਰਾਰ ਗਿਆ। ਫਿਰ ਉਹ ਵਿਨੋਦ ਕੁਮਾਰ ਉਰਫ ਰੰਗੀਲੇ ਨਾਲ ਸੰਪਰਕ ਕਰਕੇ ਉਸ ਪਾਸ ਚੰਡੀਗੜ ਵਿਖੇ ਬੱਸ ਰਾਹੀਂ ਚਲਾ ਗਿਆ ਸੀ। ਜਿੱਥੇ ਉਸਨੂੰ ਰੰਗੀਲਾ ਆਪਣੇ ਕਿਰਾਏ ਦੇ ਕਮਰੇ ਹੱਲੋਮਾਜਰਾ ਸੇਕਟਰ 31 ਚੰਡੀਗੜ ਵਿੱਚ ਲੈ ਗਿਆ ਸੀ।ਜਿੱਥੇ ਉਹ ਚਾਰ-ਪੰਜ ਦਿਨ ਰੰਗੀਲੇ ਪਾਸ ਹੱਲੋਮਾਜਰਾ ਚੰਡੀਗੜ ਵਿਖੇ ਉਸ ਦੇ ਕਿਰਾਏ ਵਾਲੇ ਕਮਰੇ ਵਿੱਚ ਰਿਹਾ। ਫਿਰ ਗੁਰਭੇਜ ਸਿੰਘ ਉਰਫ ਹਰਭੇਜ ਸਿੰਘ ਉਰਫ ਭੇਜਾ ਤੇ ਰੰਗੀਲਾ ਚੰਡੀਗੜ ਤੋਂ ਅੰਮ੍ਰਿਤਸਰ ਵਿਖੇ ਆਏ ਅਤੇ ਵਿਸ਼ਾਲ ਸਿੰਘ ਨੂੰ ਨਾਲ ਲੈ ਕੇ ਲੱਲੇ ਪਹਿਲਵਾਨ ਦੇ ਘਰ (ਸੁਲਤਾਨਵਿੰਡ) ਦੇ ਬਾਹਰ ਰਾਤ ਸਮੇਂ ਹਨੇਰੇ ਵਿੱਚ 7-8 ਫਾਇਰ ਕੀਤੇ ਕਿਉਂਕਿ ਗੁਰਭੇਜ ਸਿੰਘ ਉਰਫ ਹਰਭੇਜ ਸਿੰਘ ਉਰਫ ਭੇਜਾ ਦੀ ਕਾਫੀ ਸਮੇਂ ਤੋਂ ਲੱਲਾ ਪਹਿਲਵਾਨ ਨਾਲ ਪੁਰਾਣੀ ਦੁਸ਼ਮਣੀ ਹੈ। ਉਸ ਤੋਂ ਬਾਅਦ ਗੁਰਭੇਜ ਸਿੰਘ ਉਰਫ ਹਰਭੇਜ ਸਿੰਘ ਉਰਫ ਭੇਜਾ ਫਿਰ ਦੁਬਾਰਾ ਉਸੇ ਕਿਰਾਏ ਵਾਲੇ ਕਮਰੇ ਵਿੱਚ ਹੱਲੋਮਾਜਰਾ ਚੰਡੀਗੜ ਵਿਖੇ ਜਾ ਕੇ ਰਹਿਣ ਲੱਗ ਪਏ ਜੋ ਕਿ ਇਹ ਕਮਰਾ ਉਸਨੂੰ ਵਿਨੋਦ ਕੁਮਾਰ ਉਰਫ ਰੰਗੀਲੇ ਨੇ ਕਿਰਾਏ ਤੇ ਲੈ ਕੇ ਦਿੱਤਾ ਸੀ। ਜੋ ਗੁਰਭੇਜ ਸਿੰਘ ਉਰਫ ਹਰਭੇਜ ਸਿੰਘ ਉਰਫ ਭੇਜਾ, ਵਿਨੋਦ ਕੁਮਾਰ ਉਰਫ ਰੰਗੀਲਾ, ਵਿਸ਼ਾਲ ਸਿੰਘ ਅਤੇ ਮਨਪ੍ਰੀਤ ਕੌਰ ਉਰਫ ਡੌਲੀ ਇਸੇ ਕਿਰਾਏ ਦੇ ਮਕਾਨ ਵਿੱਚ ਸੀ।

ਗੁਰਭੇਜ ਸਿੰਘ ਉਰਫ ਹਰਭੇਜ ਸਿੰਘ ਉਰਫ ਭੇਜਾ ਦੇ ਖਿਲਾਫ ਕੁੱਲ 14 ਅਪਰਾਧਿਕ ਮੁੱਕਦਮੇ ਦਰਜ਼ ਰਜਿਸਟਰ ਹਨ ਅਤੇ ਵਿਨੋਦ ਕੁਮਾਰ ਉਰਫ ਰੰਗੀਲਾ ਦੇ ਖਿਲਾਫ ਕੁੱਲ 13 ਅਪਰਾਧਿਕ ਮੁੱਕਦਮੇ ਦਰਜ਼ ਰਜਿਸਟਰ ਹਨ। ਜਿਹਨਾ ਵਿੱਚੋਂ ਪੰਜ ਮੁਕੱਦਮਿਆਂ ਵਿੱਚ ਦੋਸ਼ੀ ਪੀ.ਓ ਕਰਾਰ ਦਿੱਤਾ ਜਾ ਚੁੱਕਾ ਹੈ।

ਬਰਾਮਦਗੀ:- ਇੱਕ ਪਿਸਟਲ 7.65 MM ਦੇਸੀ ਸਮੇਤ 06 ਰੌਂਦ ਜਿੰਦਾ
02 ਮੋਬਾਇਲ ਫੋਨ
01 ਜੀਉ ਹਾਟਸਪਾਟ ਵਾਈ-ਫਾਈ

**ਗੁਰਭੇਜ ਸਿੰਘ ਉਰਫ ਹਰਭੇਜ ਸਿੰਘ ਉਰਫ ਭੇਜਾ ਦੇ ਖਿਲਾਫ ਦਰਜ ਮੁਕੱਦਮੇ:-**

1. ਮੁਕਦਮਾ ਨੰਬਰ 100 ਮਿਤੀ 08-06-07 ਜੁਰਮ 376, 366-ਏ, 342, 506, 120-ਬੀ ਭ:ਦ: ਥਾਣਾ ਸੁਲਤਾਨਵਿੰਡ ਜਿਲਾ ਅੰਮ੍ਰਿਤਸਰ
2. ਮੁਕਦਮਾ ਨੰਬਰ 04 ਮਿਤੀ 06-01-14 ਜੁਰਮ 307, 148, 149 ਭ:ਦ:, 25 ਅਸਲਾ ਐਕਟ ਥਾਣਾ ਸੁਲਤਾਨਵਿੰਡ ਜਿਲਾ ਅੰਮ੍ਰਿਤਸਰ
3. ਮੁਕਦਮਾ ਨੰਬਰ 219 ਮਿਤੀ 27-8-15 ਜੁਰਮ 307, 506, 148, 149 ਭ:ਦ:, 25, 27 ਅਸਲਾ ਐਕਟ ਥਾਣਾ ਸੁਲਤਾਨਵਿੰਡ ਜਿਲਾ ਅੰਮ੍ਰਿਤਸਰ
4. ਮੁਕਦਮਾ ਨੰਬਰ 92 ਮਿਤੀ 10-04-15 ਜੁਰਮ 323, 452, 427, 148, 149 ਭ:ਦ: ਥਾਣਾ ਸੁਲਤਾਨਵਿੰਡ ਜਿਲਾ ਅੰਮ੍ਰਿਤਸਰ
5. ਮੁਕਦਮਾ ਨੰਬਰ 162 ਮਿਤੀ 10-06-15 ਜੁਰਮ 307, 323, 324, 506, 148, 149 ਭ:ਦ:, 25 ਅਸਲਾ ਐਕਟ ਅਤੇ ਕਰਾਸ ਕੇਸ 302, 34 ਭ:ਦ: ਥਾਣਾ ਸੁਲਤਾਨਵਿੰਡ ਜਿਲਾ ਅੰਮ੍ਰਿਤਸਰ
6. ਮੁਕਦਮਾ ਨੰਬਰ 230 ਮਿਤੀ 04-09-15 ਜੁਰਮ 302, 307, 452, 432, 324, 148, 149 ਭ:ਦ:, 25 ਅਸਲਾ ਐਕਟ ਥਾਣਾ ਸੁਲਤਾਨਵਿੰਡ ਜਿਲਾ ਅੰਮ੍ਰਿਤਸਰ
7. ਮੁਕਦਮਾ ਨੰਬਰ 260 ਮਿਤੀ 09-10-15 ਜੁਰਮ 379-ਬੀ, 323, 326 ਭ:ਦ:, 25 ਅਸਲਾ ਐਕਟ ਵਾਧਾ ਜੁਰਮ 201 ਭ:ਦ: ਥਾਣਾ ਸੁਲਤਾਨਵਿੰਡ ਜਿਲਾ ਅੰਮ੍ਰਿਤਸਰ
8. ਮੁਕਦਮਾ ਨੰਬਰ 274 ਮਿਤੀ 04-11-15 ਜੁਰਮ 379,382,399,402,411,472,148 ਭ:ਦ:, 25 ਅਸਲਾ ਐਕਟ 21/22/29-61-85 NDPS ACT ਥਾਣਾ ਸੁਲਤਾਨਵਿੰਡ ਜਿਲਾ ਅੰਮ੍ਰਿਤਸਰ
9. ਮੁਕਦਮਾ ਨੰਬਰ 230/07 ਜੁਰਮ 399,402 IPC ਥਾਣਾ ਸਦਰ ਅੰਮ੍ਰਿਤਸਰ
10. ਮੁਕਦਮਾ ਨੰਬਰ 234/07 ਜੁਰਮ 392,34 ਭ:ਦ: ਥਾਣਾ ਸਦਰ ਅੰਮ੍ਰਿਤਸਰ
11. ਮੁਕਦਮਾ ਨੰਬਰ 170/12 ਜੁਰਮ 419,420,170 ਭ:ਦ: ਥਾਣਾ ਸਿਵਲ ਲਾਈਨ ਅੰਮ੍ਰਿਤਸਰ
12. ਮੁਕਦਮਾ ਨੰਬਰ 152 ਮਿਤੀ 24-06-16 ਜੁਰਮ 353,336 ਭ:ਦ:, 25 ਅਸਲਾ ਐਕਟ ਥਾਣਾ ਸੁਲਤਾਨਵਿੰਡ ਜਿਲਾ ਅੰਮ੍ਰਿਤਸਰ

13. ਮੁਕਦਮਾ ਨੰਬਰ 69 ਮਿਤੀ 26-11-16 ਜੁਰਮ 399, 402 ਭ:ਦ:, 25 ਅਸਲਾ ਐਕਟ, 22/61/85 NDPS Act ਥਾਣਾ ਰਾਵਲ ਪਿੰਡੀ ਜਿਲਾ ਕਪੂਰਥਲਾ
14. ਮੁਕੱਦਮਾ ਨੰਬਰ 103 ਮਿਤੀ 07-05-19 ਜੇਰੇ ਧਾਰਾ 307/353/186/224/225/34, 379-ਬੀ ਭ: ਦ: ਵਾਧਾ ਜੁਰਮ 120-ਬੀ ਭ:ਦ 25/27-54-59 A. Act ਥਾਣਾ ਸਿਟੀ ਕਪੂਰਥਲਾ

**ਵਿਨੋਦ ਕੁਮਾਰ ਉਰਫ ਰੰਗੀਲਾ ਦੇ ਖਿਲਾਫ ਦਰ ਮੁਕੱਦਮੇ:-**

1. ਮੁਕਦਮਾ ਨੰਬਰ 301 ਮਿਤੀ 31.10.2014 ਜੁਰਮ 414,411, 489-ਏ, 489-ਬੀ,489-ਸੀ, 386,486 ਭ:ਦ 25-54-59 ਅਸਲਾ ਐਕਟ ਥਾਣਾ ਕੰਨਟੋਨਮੈਂਟ ਅੰਮ੍ਰਿਤਸਰ
2. ਮੁਕਦਮਾ ਨੰਬਰ 92/14 ਜੁਰਮ 307,323,324,148, 149, 341, 160 ਭ:ਦ: ਥਾਣਾ ਕੰਟੋਨਮੈਂਟ ਅੰਮ੍ਰਿਤਸਰ
3. ਮੁਕੱਦਮਾ ਨੰਬਰ 286 ਮਿਤੀ 25.07.2014 ਅ/ਧ 22-61-85 NDPS ACT ਥਾਣਾ ਏ-ਡਵੀਜਨ ਅੰਮ੍ਰਿਤਸਰ
4. ਮੁਕੱਦਮਾ ਨੰਬਰ 304 ਮਿਤੀ 04.11.2014 ਅ/ਧ 22-61-85 NDPS ACT ਥਾਣਾ ਕੰਟੋਨਮੈਂਟ ਅੰਮ੍ਰਿਤਸਰ
5. ਮੁਕੱਦਮਾ ਨੰਬਰ 238 ਮਿਤੀ 06.10.2015 ਅ/ਧ 307,336,506,148,149 ਭ:ਦ 25-54-59 ਅਸਲਾ ਐਕਟ ਥਾਣਾ ਕੰਟੋਨਮੈਂਟ ਅੰਮ੍ਰਿਤਸਰ
6. ਮੁਕੱਦਮਾ ਨੰਬਰ 279 ਮਿਤੀ 21.08.2009 ਅ/ਧ 379-ਬੀ,34 ਭ:ਦ 25 ਅਸਲਾ ਐਕਟ ਥਾਣਾ ਸਿਵਲ ਲਾਈਨ ਅੰਮ੍ਰਿਤਸਰ
7.ਮੁਕਦਮਾ ਨੰਬਰ 219 ਮਿਤੀ 27-8-15 ਜੁਰਮ 307, 506, 148, 149 ਭ:ਦ:, 25, 27 ਅਸਲਾ ਐਕਟ ਥਾਣਾ ਸੁਲਤਾਨਵਿੰਡ ਜਿਲਾ ਅੰਮ੍ਰਿਤਸਰ
8. ਮੁਕੱਦਮਾ ਨੰਬਰ 142 ਮਿਤੀ 30-08-15 ਅ/ਧ 379,34 ਭ:ਦ ਥਾਣਾ ਕੰਬੋਅ ਅੰਮ੍ਰਿਤਸਰ
9. ਮੁਕੱਦਮਾ ਨੰਬਰ 199 ਮਿਤੀ 31-08-09 ਅ/ਧ 382 ਭ:ਦ ਥਾਣਾ ਜੰਡਿਆਲਾ ਗੁਰੂ ਅੰਮ੍ਰਿਤਸਰ
10. ਮੁਕਦਮਾ ਨੰਬਰ 63 ਮਿਤੀ 03.09.15 ਅ/ਧ 307, 34 ਭ:ਦ: 25 ਅਸਲਾ ਐਕਟ ਥਾਣਾ ਇਸਲਾਮਾਬਾਦ ਅੰਮ੍ਰਿਤਸਰ
11. ਮੁਕਦਮਾ ਨੰਬਰ 230 ਮਿਤੀ 04-09-15 ਜੁਰਮ 302, 307, 452, 432, 324, 148, 149 ਭ:ਦ:, 25 ਅਸਲਾ ਐਕਟ ਥਾਣਾ ਸੁਲਤਾਨਵਿੰਡ ਜਿਲਾ ਅੰਮ੍ਰਿਤਸਰ
12. ਮੁਕੱਦਮਾ ਨੰਬਰ 220 ਮਿਤੀ 28.09.15 ਅ/ਧ 379-ਬੀ ਥਾਣਾ ਜੰਡਿਆਲਾ ਗੁਰੂ
13. ਮੁਕੱਦਮਾ ਨੰਬਰ 103 ਮਿਤੀ 07-05-19 ਜੇਰੇ ਧਾਰਾ 307/353/186/224/225/34, 379-ਬੀ ਭ: ਦ: ਵਾਧਾ ਜੁਰਮ 120-ਬੀ ਭ:ਦ 25/27-54-59 A. Act ਥਾਣਾ ਸਿਟੀ ਕਪੂਰਥਲਾ

